# ਗੁਰਬਾਣੀ ਸ਼ਬਦ ਰਹੱਸ ਅਤੇ ਬ੍ਰਹਿਮੰਡੀ ਚੇਤਨਾ

ਡਾ. ਕੁਲਦੀਪ ਕੌਰ
ਸ੍ਰੀ ਗੁਰੂ ਤੇਗ ਬਹਾਦੁਰ ਖ਼ਾਲਸਾ ਕਾਲਜ
ਦਿੱਲੀ ਯੂਨੀਵਰਸਿਟੀ

ਗੁਰਬਾਣੀ ਵਿਚ ਸ਼ਬਦ ਦਾ ਸੰਕਲਪ ਉਸ ਰਹੱਸ ਅਨੁਭੂਤੀ ਵਿਚੋਂ ਉਭਰਦਾ ਹੈ ਜਿਸ ਵਿਚ ਅਰਥਾਂ ਦਾ ਅਨੰਤ ਜਗਤ ਮੌਜੂਦ ਹੈ। ਇਸ ਵਿਚ ਪਾਰਗਾਮੀ ਅਹਿਸਾਸ ਹੈ ਜੋ ਬ੍ਰਹਿਮੰਡ ਦੇ ਪਰਾਭੌਤਿਕ ਪਰਿਪੇਖ ਵਿਚੋਂ ਉਭਰਦਾ ਹੈ। ਸ਼ਬਦ ਗੁਰਬਾਣੀ ਵਿਚ ਗੁਰੂ ਰੂਪ ਹੈ ਜੋ ਅਧਿਆਤਮਕ ਗੂੜ੍ਹ-ਗਿਆਨ ਦਾ ਨਿਰੂਪਣ ਕਰਦਾ ਹੈ। „ਸ਼ਬਦ-ਰਹੱਸ" ਵਿਸ਼ੇ ਉਤੇ ਚਰਚਾ ਕਰਨ ਤੋਂ ਪਹਿਲਾਂ ਸ਼ਬਦ ਬਾਰੇ ਸਾਮਾਨਯ ਗਿਆਨ ਦੀ ਜਾਣਕਾਰੀ ਪੇਸ਼ ਕਰਨਾ ਉਚਿਤ ਜਾਪਦਾ ਹੈ। ਸ਼ਬਦ ਦਿਸਦੇ ਯਥਾਰਥ ਦੀ ਸਤਹਿ ਤੇ ਵਿਚਰਨ ਵਾਲਾ ਅਜਿਹਾ ਵਰਤਾਰਾ ਹੈ ਜਿਸਦੀ ਤਹਿ ਹੇਠਾਂ ਅੰਤਰੀਵ ਅਰਥਾਂ ਦਾ ਅਨੰਤ ਸੰਸਾਰ ਮੌਜੂਦ ਹੁੰਦਾ ਹੈ। ਸ਼ਬਦ ਇਕ ਅੰਤਰ–ਅਨੁਸ਼ਾਸਨੀ ਹੋਂਦ ਹੈ ਜਿਸਦਾ ਸਬੰਧ, ਧਰਮ, ਦਰਸ਼ਨ, ਵਿਆਕਰਣ ਅਤੇ ਭਾਸ਼ਾ–ਵਿਗਿਆਨ ਨਾਲ ਹੈ। ਸਾਡੇ ਸ਼ਾਸਤਰਾਂ ਵਿਚ ਸ਼ਬਦ ਨੂੰ ਸਾਖਿਆਤਕਾਰ ਬ੍ਰਹਮ ਕਿਹਾ ਗਿਆ ਹੈ। ਸ਼ਬਦ ਨੂੰ ਅਨਹਦ–ਨਾਦ ਦੇ ਰੂਪ ਵਿਚ ਗ੍ਰਹਿਣ ਕਰਕੇ ਪ੍ਰਾਣੀਆਂ ਨੇ ਬ੍ਰਹਮ ਨਾਲ ਰਾਖਿਆਕਾਰ ਕੀਤਾ ਹੈ ਇਸ ਲਈ ਪ੍ਰਾਚੀਨ-ਆਚਾਰਿਆਂ ਦਾ ਮਤ ਹੈ ਕਿ ਇਕ ਵੀ ਸ਼ਬਦ ਜੇ ਸਹੀ ਰੂਪ ਵਿਚ ਸਮਗਿਆਨ ਦੇ ਤੌਰ"ਤੇ ਪ੍ਰਯੋਗ ਹੁੰਦਾ ਹੈ ਤਾਂ ਲੋਕ-ਪਰਲੋਕ ਵਿਚ ਸ਼ੁਭ ਫਲ ਪ੍ਰਦਾਨ ਕਰਨ ਵਾਲਾ ਹੁੰਦਾ ਹੈ ਇਸ ਲਈ ਸ਼ਬਦ ਦਾ ਉਚਿਤ ਗਿਆਨ ਹੋਣਾ ਬਹੁਤ ਲਾਜ਼ਮੀ ਹੈ।

ਸ਼ਬਦ-ਸ਼ਕਤੀ ਦੀ ਹੋਂਦ ਦਾ ਪ੍ਰਸ਼ਨ ਕਾਰਜ ਅਤੇ ਕਾਰਣ ਨਾਲ ਜੁੜਿਆ ਹੈ ਕਿਉਂਕਿ ਸ਼ਬਦ ਕਾਰਣ ਹੈ ਅਤੇ ਉਸ ਅੰਦਰ ਲੁਕਿਆ ਅਰਥ ਕਾਰਜ ਹੈ ਇਸਲਈ ਕਿਸੇ ਸ਼ਬਦ ਦੀ ਹੋਂਦ ਅਤੇ ਮਹੱਤਵ ਉਸ ਰਾਹੀਂ ਗਿਆਤ ਹੋਣ ਵਾਲੇ ਅਰਥ ਉਤੇ ਨਿਰਭਰ ਕਰਦਾ ਹੈ। ਭਾਰਤੀ ਚਿੰਤਨ ਦੇ ਇਤਿਹਾਸ ਵਿਚ ਵਿਆਕਰਣ ਅਤੇ ਕੋਸ਼ਕਾਰੀ ਦਾ ਮਹੱਤਵਪੂਰਨ ਸਥਾਨ ਰਿਹਾ ਹੈ। ਭਾਰਤੀ ਵਿਆਕਰਣ ਪਰੰਪਰਾ ਦੇ ਅਨੁਸਾਰ ਸ਼ਬਦ ਧੁਨੀਆਂ ਅਤੇ ਅਖਰਾਂ ਦੇ ਸੁਮੇਲ ਤੋਂ ਬਣਿਆ ਹੁੰਦਾ ਹੈ ਜੋ ਕਿਸੇ ਵਿਸ਼ੇਸ਼ ਅਰਥ ਦਾ ਸੰਚਾਰ ਕਰਦਾ ਹੈ। ਭਾਸ਼ਾ ਵਿਗਿਆਨ ਅਨੁਸਾਰ ਸ਼ਬਦ ਭਾਸ਼ਾ ਦੀ ਛੋਟੀ ਤੋਂ ਛੋਟੀ ਅਰਥਪੂਰਨ ਇਕਾਈ ਹੈ ਜੋ ਕਿਸੇ ਅਰਥ-ਵਿਸ਼ੇਸ਼ ਦੇ ਸੰਚਾਰ ਦਾ ਮਾਧਿਅਮ ਬਣਦਾ ਹੈ। ਹਰ ਸ਼ਬਦ ਕਿਸੇ ਸਕੰਲਪੀ ਭਾਵ ਦਾ ਬੋਧ ਕਰਾਉਂਦਾ ਹੈ। ਪ੍ਰਾਚੀਨ ਭਾਰਤੀ ਵਿਆਕਰਣ–ਸ਼ਾਸਤਰੀ ਸ਼ਬਦ ਨੂੰ ਸੰਚਾਰ ਅਤੇ ਸੰਚਾਰੀ ਕ੍ਰਿਆ ਦਾ ਸਮੱਗਰ ਰੂਪ ਮੰਨਦਾ ਹੈ। ਉਸ ਅਨੁਸਾਰ ਸ਼ਬਦ ਉਚਾਰ ਦਾ ਰੂਪ ਤਾਂ ਹੈ ਹੀ ਪਰ ਭਾਵ ਅਤੇ ਅਰਥ ਦੇ ਸੰਕਲਪੀ ਰੂਪ ਦਾ ਧਾਰਣੀ ਵੀ ਹੈ ਇਸ ਲਈ ਸ਼ਬਦ ਦਾ ਮੁਕੰਮਲ ਅਰਥ ਸ਼ਰੁਤੀ-ਸ਼ਕਤੀ ਅਤੇ ਵਾਚਯ-ਸ਼ਕਤੀ ਦੀ ਏਕਾਤਮਕਤਾ ਦੁਆਰਾ ਹੀ ਪ੍ਰਗਟ ਹੁੰਦਾ ਹੈ ਭਾਰਤੀ ਗਿਆਨ-ਪਰੰਪਰਾ ਵਿਚ ਸ਼ਬਦ ਤੇ ਸਕੰਲਪ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ ਪਰਾ, ਪਸ਼ਯੰਤੀ, ਮਧਿਅਮਾ, ਅਤੇ ਵੈਖਰੀ ਜੋ ਕ੍ਰਮਨੁਸਾਰ ਮੂਲਾਧਾਰ, ਹਿਰਦੇ ਅਤੇ ਕੰਠ ਥਾਣੀ ਹੁੰਦਾ ਹੋਇਆ ਮੂੰਹ ਤੋਂ ਉਚਾਰ ਬਣ ਕੇ ਪ੍ਰਗਟ ਹੁੰਦਾ ਹੈ। ਪ੍ਰਾਚੀਨ ਭਾਰਤੀ ਧਰਮ-ਸ਼ਾਸਤਰੀ ਪਰੰਪਰਾ ਵਿਚ ਸ਼ਬਦ ਨੂੰ ਮਹਾਪੁਰਖਾਂ ਦੇ ਵਚਨਾਂ, ਵੇਦਾਂ ਦੇ ਪਾਠ ਆਦਿ ਅਰਥਾਂ ਵਿਚ ਲਿਆ ਜਾਂਦਾ ਸੀ। ਹਿੰਦੂ ਸ਼ਾਸਤ੍ਰੀਆਂ ਨੇ ਸ਼ਬਦ ਨੂੰ ਨਾਦ, ਆਕਾਸ਼ਵਾਦੀ, ਦਿੱਵ-ਧੁਨੀ, ਰਾਮਧੁਨ ਅਤੇ ਉਦਗੀਤ ਆਦਿ ਨਾਵਾਂ ਨਾਲ ਪ੍ਰਗਟ ਕੀਤਾ ਹੈ। ਵੈਦਿਕ ਰਿਸ਼ੀਆਂ ਨੇ ਸ਼ਬਦ-ਬ੍ਰਹਮ ਦਾ ਸਕੰਲਪ ਦਿਤਾ ਜਿਸ ਅਨੁਸਾਰ ਸ਼ਬਦ ਹੀ ਪਰਮਾਤਮਾ ਹੈ ਅਤੇ ਸ੍ਰਿਸ਼ਟੀ ਦਾ ਕਰਤਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਨੇ ਸ਼ਬਦ ਨੂੰ ਸੰਸਕ੍ਰਿਤਮੂਲ ਦੇ ਅਰਥਾਂ ਵਿਚ ਧੁਨੀ , ਆਵਾਜ, ਸੁਰ, ਪਦ, ਲਫਜ਼, ਗੁਫਤਗੂ, ਗੁਰਉਪਦੇਸ਼, ਬ੍ਰਹਮ ਕਰਤਾਰ, ਪੈਗ਼ਾਮ, ਸੁਨੇਹਾ ਕੀਤਾ ਹੈ ਆਪ ਨੇ ਸ਼ਬਦ ਦੇ ਪੰਜਾਬੀ ਰੂਪ ਦੇ ਅਰਥ ਕਰਤਾਰ, ਸਤਿਗੁਰਾਂ ਦੁਆਰਾ ਪ੍ਰਾਪਤ ਹੋਇਆ ਕਰਤਾਰ ਦਾ ਹੁਕਮ, ਧਰਮ ਗੁਰਮੰਤ੍ਰ ਅਤੇ ਗੁਰਬਾਣੀ ਕੀਤੇ ਹਨ। ਪ੍ਰਾਚੀਨ ਕਾਲ ਤੋਂ ਹੀ ਸ਼ਬਦ ਦੇ ਅਰਥ ਸੰਸਾਰ ਦੇ ਵੱਖ-ਵੱਖ ਧਰਮਾਂ ਅਤੇ ਦਰਸ਼ਨਾਂ ਵਿਚ ਵੱਖ-ਵੱਖ ਪ੍ਰਕਾਰ ਨਾਲ ਕੀਤੇ ਸਨ। ਇਸਾਈ, ਇਸਲਾਮ ਅਤੇ ਪਾਰਸੀ ਜਿਹੇ ਸਾਮੀ ਧਰਮਾਂ ਵਿਚ ਸ਼ਬਦ ਦਾ ਅਰਥ ਰੱਬ ਦੀ ਰੂਹ ਅਤੇ ਪਰਮਾਤਮਾ ਦਾ ਪੁੱਤਰ ਮੰਨਿਆ ਗਿਆ ਹੈ। ਪ੍ਰਾਚੀਨ ਭਾਰਤੀ ਧਾਰਮਿਕ ਪਰੰਪਰਾ ਵਿਚ ਵੇਦਾਂ, ਉਪਨਿਸ਼ਦਾਂ ਪੁਰਾਣਾ, ਨਾਥ ਜੋਗੀਆਂ ਦੇ ਸਾਹਿਤ ਅਤੇ ਤਾਂਤ੍ਰਿਕ ਸੰਪਰਦਾਵਾਂ ਵਿਚ ਸ਼ਬਦ ਤੋਂ ਭਾਵ ਦੈਵੀ-ਸੱਚਾਈ ਬਾਰੇ ਮਹਾਪੁਰਖਾਂ ਦੇ ਕਥਨ (ਬਾਣੀ) ਅਨਾਦਿ ਆਵਾਜ, ਦੈਵੀ ਸਿਆਣਪ ਅਤੇ ਮੰਤ੍ਰਾਂ ਆਦਿ ਤੋਂ ਲਿਆ ਗਿਆ ਹੈ ਪਰ ਗੁਰਬਾਣੀ ਵਿਚ ਸ਼ਬਦ ਦਾ ਸੰਕਲਪ ਹੋਰ ਧਾਰਮਿਕ ਪਰੰਪਰਾਵਾਂ ਤੋਂ ਵਿਲੱਖਣ ਹੋਂਦ ਰਖਦਾ ਹੈ। ਗੁਰਬਾਣੀ ਵਿਚ ਸ਼ਬਦ ਗੁਰੂ ਹੈ ਜੋ

ਬਾਣੀ ਦੇ ਰੂਪ ਵੱਖ-ਵੱਖ ਪ੍ਰਵਚਨ-ਵਿਧੀਆਂ ਰਾਹੀਂ ਪ੍ਰਗਟ ਹੁੰਦਾ ਹੈ ਅਤੇ ਇਸਦਾ ਮਰਮ ਭੌਤਿਕਤਾ ਤੋਂ ਅਗਾਂਹ ਪਰਾਭੌਤਿਕ ਅਰਥ-ਸਾਰਥਕਤਾ ਵਿਚੋਂ ਪਛਾਣਿਆ ਜਾ ਸਕਦਾ ਹੈ ।

ਗੁਰੂ ਸਾਹਿਬਾਨ ਆਪਣੀ ਦਿੱਵ-ਦ੍ਰਿਸ਼ਟੀ ਅਤੇ ਸਰਬ ਕਲਿਆਣਕਾਰੀ ਸੋਚ ਸਦਕਾ ਸ਼ਬਦ–ਰਹੱਸ ਦੇ ਬ੍ਰਹਿਮੰਡੀ ਅਸਤਿੱਤਵ ਪ੍ਰਤੀ ਚੇਤੰਨ ਸਨ ਇਸੇ ਲਈ ਪੰਚਮ ਗੁਰੂ ਅਰਜਨ ਦੇਵ ਜੀ ਦੁਆਰਾ ਆਪਣੇ ਤੋਂ ਪੂਰਬਲੇ ਚਾਰ ਗੁਰੂ ਸਾਹਿਬਾਨ ਅਤੇ ਆਪਣੀ ਨਿਜੀ ਬਾਣੀ ਨੂੰ ਮਿਲਾ ਕੇ ਇਕ ਪਵਿੱਤਰ ਗ੍ਰੰਥ ਨੂੰ 'ਪੋਥੀ ਸਾਹਿਬ' ਵਜੋਂ ਪ੍ਰਕਾਸ਼ਿਤ ਕੀਤਾ। ਇਸੇ ਨੂੰ ਬਾਅਦ ਵਿਚ ਗੁਰੂ ਗੋਬਿੰਦ ਸਿੰਘ ਨੇ ਨੌਵੇਂ ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਨੂੰ ਸ਼ਾਮਿਲ ਕਰਕੇ ਇਕ ਮੁਕੰਮਲ ਅਤੇ ਸੰਪੂਰਨ ਗੰ੍ਰਥ ਦੀ ਸਿਰਜਣਾ ਕੀਤੀ ਅਤੇ ਇਸ ਪਾਵਨ ਗੰ੍ਰਥ ਨੂੰ ਗੁਰੂ ਐਲਾਨ ਦਿਤਾ । ਇਹ ਗੁਰੂ ਸਾਹਿਬ ਦੀ ਵਿੱਲਖਣ ਦਿੱਵ-ਦ੍ਰਿਸ਼ਟੀ ਅਤੇ ਬ੍ਰਹਿਮੰਡੀ ਚੇਤਨਾ ਦਾ ਹੀ ਸਿੱਟਾ ਸੀ ਜੋ ਗੁਰੂ ਗੋਬਿੰਦ ਸਿੰਘ ਨੇ ਸ਼ਬਦ ਨੂੰ ਦੇਹਧਾਰੀ ਮਨੁੱਖਾਂ ਦੀਆਂ ਭੌਤਿਕ, ਬੌਧਿਕ ਅਤੇ ਪਦਾਰਥ ਸ਼ਕਤੀਆਂ ਤੋਂ ਬਹੁਤ ਅਗਾਂਹ ਅਨੰਤ ਦਿੱਵਤਾ ਦੀ ਸਾਕਾਰ ਸੂਰਤ ਮੰਨ ਕੇ ਗੁਰੂ ਪ੍ਰਵਾਨ ਕੀਤਾ ਅਤੇ ਸਦਾ ਸਦਾ ਲਈ ਸਿੱਖ ਧਰਮ ਨੂੰ ਬ੍ਰਹਿਮੰਡੀ ਚੇਤਨਾ ਨਾਲ ਪਰਿਪੂਰਨ ਗਿਆਨ ਨਾਲ ਜੋੜ ਦਿਤਾ। ਇਸ ਪ੍ਰਕਾਰ ਭਾਰਤੀ ਚਿੰਤਕ ਪਰੰਪਰਾ ਵਿਚ 'ਸ਼ਬਦ-ਗੁਰੂ' ਦੇ ਇਸ ਸੰਕਲਪ ਨਾਲ ਅੰਨਤ ਕਾਲੀ ਗਿਆਨ ਦਾ ਉਦਗਮ ਹੁੰਦਾ ਹੈ ਜਿਸਦਾ ਸਿਲਸਿਲਾ ਕਾਲ ਦੀ ਸੀਮਾ ਤੋਂ ਪਾਰ ਜਾਣ ਤਕ ਜੁੜ ਜਾਂਦਾ ਹੈ।

ਸਬਦਿ ਸੂਰ ਜੁਗ ਚਾਰੇ ਅਉਧੂ ਬਾਣੀ ਭਗਤਿ ਵੀਚਾਰੀ॥ (ਪੰਨਾ ੯੦੮)
ਚਹੁ ਦਿਸਿ ਹੁਕਮੁ ਵਰਤੈ ਪ੍ਰਭੂ ਤੇਰਾ ਚਹੁ ਦਿਸਿ ਨਾਮੁ ਪਤਾਲੰ॥
ਸਭ ਮਹਿ ਸਬਦ ਵਰਤੈ ਪ੍ਰਭ ਸਾਚਾ ਕਰਮ ਮਿਲੈ ਬੈਆਲੰ॥ (ਪੰਨਾ ੧੨੭੫)

ਸਾਰੇ ਗੁਰੂ ਸਾਹਿਬਾਨ ਇਸ ਬਾਰੇ ਪੂਰੀ ਤਰ੍ਹਾਂ ਚੇਤੰਨ ਸਨ ਕਿ ਸ਼ਬਦ-ਰਹੱਸ ਦੇ ਗਿਆਨ ਦਾ ਸੌਰਵ ਕਿਸੇ ਇਕ ਕਾਲ ਤਕ ਸੀਮਿਤ ਨਹੀਂ ਸਗੋਂ ਇਹ ਪਰਮ ਚੇਤਨਾ ਤਾਂ ਹਰ ਪਲ ਨਵੇਂ ਨਿਰੋਏ ਗਿਆਨ ਦੀ ਧਾਰਣੀ ਹੈ ਅਤੇ ਦਾਤਾਰ ਹੈ ਭਾਵ ਕਲਿਆਣਕਾਰੀ ਹੈ, ਸਾਹਿਬ ਮੇਰਾ ਨੀਤ ਨਵਾ ਸਦਾ ਸਦਾ ਦਾਤਾਰ ਇਹੀ ਸ਼ਬਦ ਰੂਪ ਗੁਰੂ ਹੈ ਜੋ ਹਰ ਰੂਪ ਵਿਚ ਜਿਗਿਆਸੂ ਨੂੰ ਦੈਵੀ ਰਹੱਸ ਜਾਨਣ ਪ੍ਰਤੀ ਨਵੀਨ ਲਈ ਅੰਤਰਦ੍ਰਿਸ਼ਟੀਆਂ ਪ੍ਰਦਾਨ ਕਰਦਾ ਹੈ। ਅੱਜ ਦੇ ਅਤੀ ਉਨੰਤ ਗਿਆਨ-ਵਿਗਿਆਨ ਦੇ ਦੌਰ ਵਿਚ ਬ੍ਰਹਿਮੰਡ ਦੇ ਰਹੱਸਾਂ ਪ੍ਰਤੀ ਜਾਗਰੂਕ ਹੋਇਆ ਮਨੁੱਖ ਹਰ ਪਲ ਨਵੇਂ ਗਿਆਨ ਨਾਲ ਜੁੜਦਾ ਜਾਂਦਾ ਤੇ ਹੈ ਪਰ ਅਜੇ ਤਕ ਅੰਤਮ ਸੱਚ ਦੇ ਸਿੱਟੇ ਤਕ ਨਹੀਂ ਪਹੁੰਚ ਸਕਿਆ। ਵਿਗਿਆਨ ਦਾ ਉਦੇਸ਼ ਵੀ ਅੰਤਮ ਸੱਚ ਦੇ ਤਕ ਪਹੁੰਚਨਾ ਹੁੰਦਾ ਹੈ ਅਤੇ ਧਰਮ ਦਾ ਵੀ।

ਪਦਾਰਥਕ ਸੱਚ ਦੇ ਖੋਜੀ ਵਿਗਿਆਨੀ ਦਾ ਅਤੇ ਪਰਮ ਸੱਚ ਦੇ ਖੋਜੀ ਸਾਧਕ ਦਾ ਉਦੇਸ਼ ਭਾਵੇਂ ਇਕੋ ਹੈ, ਅੰਤਮ ਸੱਚ ਦੀ ਖੋਜ ਪਰ ਵਿਗਿਆਨੀ ਸੂਖ਼ਮ ਤੋਂ ਸੂਖ਼ਸਤਰ ਖੋਜਾਂ ਦੇ ਬਾਵਜੂਦ ਵੀ ਉਸ ਰਹੱਸ ਦਾ ਪਾਰ ਨਹੀ ਪਾ ਸਕਦਾ ਜੋ ਕਿ ਇਕ ਭਗਤ ਆਪਣੀ ਅੰਤਗੀਵ ਦ੍ਰਿਸ਼ਟੀ ਨਾਲ ਸਮਝ ਸਕਦਾ ਹੈ। ਅਜ ਬ੍ਰਹਿਮੰਡ ਵਿਗਿਆਨੀ ਕੁਆਂਟਮ ਤੋਂ ਕੁਆਰਕ ਤਕ ਅਤੇ ਗ੍ਰੈਵਿਟੀ ਤੋਂ ਸਪੁਰ ਗ੍ਰੈਵਿਟੀ ਤਕ ਪਹੁੰਚ ਕੇ ਵੀ ਸੰਪੂਰਨ ਬ੍ਰਹਿਮੰਡੀ ਵਿਆਪਕਤਾ ਦਰਸਾਉਂਣ ਵਿਚ ਅਸਮਰਥ ਹੈ। ਆਈਨਸਟਾਈਨ ਆਪਣੀ ਆਤਮਕਥਾ ਵਿਚ ਲਿਖਦਾ ਹੈ ਕਿ ਅਜਿਹਾ ਪ੍ਰਤੀਤ ਹੁੰਦਾ ਹੈ ਜਿਵੇਂ ਕਿਸੇ ਨੇ ਪੈਰਾਂ ਹੇਠੋਂ ਜ਼ਮੀਨ ਖਿੱਚ ਲਈ ਹੋਵੇ। ਕਿਤੇ ਕੋਈ ਪੱਕੀ ਨਹੀ ਦਿਸਦੀ ਜਿਸ ਉਤੇ ਕੋਈ ਨਿਰਮਾਣ ਹੋ ਸਕੇ। ਇਸੇ ਪ੍ਰਕਾਰ ਹੈਸਨਬਰਗ, ਫਰਿਟਜਾਫ ਕਾਪਰਾ, ਜਿਆਫਰੀਚਿਊ ਅਤੇ ਮਿਸ਼ਿਓ ਕਾਕੂ ਜਿਹੇ ਬ੍ਰਹਿਮੰਡ ਵਿਗਿਆਨੀ ਇਹ ਮੰਨਦੇ ਹਨ ਕਿ ਕੋਈ ਰੱਬੀ ਸ਼ਕਤੀ ਹੀ ਬ੍ਰਹਿਮੰਡ ਦੀ ਕਰਤਾ ਹੈ। ਅੱਜ ਦੇ ਨਵੀਨ ਭੌਤਿਕ ਪਸਾਰੇ ਵਿਚ ਬ੍ਰਹਿਮੰਡ ਵਿਗਿਆਨ ਅਜਿਹੀਆਂ ਨਵੀਨ ਅੰਤਰ-ਦ੍ਰਿਸ਼ਟੀਆਂ ਨਾਲ ਜੁੜ ਰਿਹਾ ਹੈ ਜੋ ਵਿਗਿਆਨ ਦੇ ਯਾਂਤਰਿਕ ਪਸਾਰੇ ਨੂੰ ਪਰਾਭੋਤਿਕ ਰਹੱਸ ਦੀ ਸੂਖ਼ਮਤਾ ਨਾਲ ਜੋੜ ਕੇ ਇਕ ਸੰਜੋਗੀ ਅੰਤਰਦ੍ਰਿਸ਼ਟੀ ਦਾ ਨਿਰੂਪਣ ਕਰਦਾ ਹੈ । ਹਾਲਾਂਕਿ ਇਕ ਰਿਸਰਚ ਸਾਈਂਟਿਸਟ ਸ਼ਾਇਦ ਹੀ ਕਦੀਂ ਇਹ ਯਕੀਨ ਕਰੇ ਕਿ ਬ੍ਰਹਿਮੰਡ ਵਿਚ ਵਾਪਰਨ ਵਾਲੀਆਂ ਸਾਰੀਆਂ ਘਟਨਾਵਾਂ ਕਿਸੇ ਸਰਬਸ਼ਕਤੀਮਾਨ ਹੋਂਦ ਦੀ ਇੱਛਾ ਅਤੇ ਹੁਕਮ ਤੋਂ ਪ੍ਰਭਾਵਿਤ ਹੁੰਦਿਆਂ ਹਨ। ਹੋ ਸਕਦਾ ਹੈ ਕਿ ਅਸੀਂ ਭਵਿੱਖ ਵਿਚ ਕੁਝ ਹੋਰ ਨਵਾਂ ਜਾਣ ਲਈਏ ਪਰ ਫਿਰ ਵੀ ਉਸ ਅੰਨਤ ਸੱਚ ਦੀ ਪ੍ਰਕਿਤੀ ਇਕ ਅਜਿਹਾ ਰਹੱਸ ਹੈ ਜੋ ਅਸੀਂ ਭੋਤਿਕਵਾਦੀ ਦ੍ਰਿਸ਼ਟੀ ਤੋਂ ਨਹੀਂ ਜਾਣ ਪਾਵਾਂਗੇਂ।

ਸਿੱਖ ਧਰਮ ਦੁਨੀਆਂ ਦਾ ਉਹ ਨਵੀਨਤਮ ਧਰਮ ਹੈ ਜੋ ਵਾਹਿਦ ਤੌਰ ਤੇ ਸ਼ਬਦ ਦੁਆਰਾ ਵਿਗਿਆਨਕ ਸੋਚ ਅਤੇ ਬੌਧਿਕ ਵਿਦਵਤਾ ਨਾਲ ਉਸ ਦਿੱਵ-ਰਹੱਸ ਦਾ ਗੁਣਗਾਣ ਕਰਦਾ ਹੈ ਜੋ ਬ੍ਰਹਿਮੰਡ ਦਾ ਸਿਰਜਕ ਹੈ। ਗੁਰੂ ਗ੍ਰੰਥ ਸਾਹਿਬ ਵਿਚ ਬ੍ਰਹਿਮੰਡ ਦੇ ਪਰਮ-ਸੱਚ ਦਾ ਆਧਾਰ ਬ੍ਰਹਮ ਹੈ ਅਤੇ ਅੰਤਰੀਵ ਅਰਥ-ਸਿਰਜਨਾ ਦਾ ਆਧਾਰ ਪਰਾਭੌਤਿਕ ਹੈ ਪਰ ਇਸਦੇ ਸਰੋਕਾਰ ਭੌਤਿਕਤਾ ਤੋਂ ਟੁੱਟ ਕੇ ਸਪਸ਼ਟ ਨਹੀਂ ਹੁੰਦੇ ਕਿਉਂਕਿ ਗੁਰਬਾਣੀ ਦੇ ਕੇਂਦਰ ਵਿਚ ਮਾਨਵ ਹੈ ਅਤੇ ਉਸਦਾ ਲਕਸ਼ ਦਿੱਵ ਰਹੱਸ ਤਕ ਪਹੁੰਚਨਾ ਹੈ। ਅਜੋਕੇ ਸਮਿਆਂ ਵਿਚ ਧਰਮ ਅਤੇ ਵਿਗਿਆਨ ਵਿਚਕਾਰ ਦੋਸਤੀ ਅਤੇ ਦੁਸ਼ਮਨੀ ਵਾਲਾ ਇਕਪਾਸੜ ਅਤੇ ਇਕਹਿਰਾ

ਨਜ਼ਰੀਆ ਪਰਮ-ਰਹੱਸ ਦੇ ਸੱਚ ਤਕ ਪਹੁੰਚਣ ਲਈ ਕਾਫੀ ਨਹੀਂ। ਗੁਰਬਾਣੀ ਵਿਗਿਆਨਕ ਦ੍ਰਿਸ਼ਟੀ ਤੋਂ ਉਸ ਰਹੱਸ ਦੀ ਤਲਾਸ਼ ਨਾਲ ਜੁੜ ਕੇ ਇਹ ਦਸਦੀ ਹੈ ਕਿ ਬ੍ਰਹਿਮੰਡੀ ਸਿਰਜਣਾ ਦਾ ਕਰਤਾ ਅਤੇ ਸੰਚਾਲਕ ਉਹ ਬ੍ਰਹਮੀ-ਸ਼ਕਤੀ ਹੈ ਜਿਸਦਾ ਕੋਈ ਪਾਰ ਨਹੀਂ ਪਾਇਆ ਜਾ ਸਕਦਾ:

ਅੰਤੁ ਨ ਜਾਪੈ ਕੀਤਾ ਆਕਾਰ ਅੰਤੁ ਨ ਜਾਪੈ ਪਾਰਾਵਾਰ॥ (ਪੰਨਾ ੦੫)

ਇਸ ਸੱਚ ਦਾ ਰਹੱਸ ਗੁਰਬਾਣੀ ਦੇ ਸ਼ਬਦ ਨਾਲ ਜ਼ਾਹਿਰ ਹੁੰਦਾ ਹੈ ਕਿ ਇਹੀ ਸੱਚ ਆਦਿ–ਜੁਗਦਿ ਅਤੇ ਸਦੀਵੀਂ ਸੱਚ ਹੈ ਜੋ ਆਪ ਹੀ ਕਰਤਾ ਹੈ ਅਤੇ ਆਪ ਹੀ ਕ੍ਰਿਤ ਹੈ:

ਆਦਿ ਸੱਚੁ ਜੁਗਦਿ ਸੱਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ (ਪੰਨਾ ੦੧)

ਅੰਤਮ ਸੱਚ ਦੇ ਰਹੱਸ ਦੀ ਅਭਿਵਿਅਕਤੀ ਮਨੁੱਖੀ ਸੀਮਾ ਤੋਂ ਬਾਹਰ ਦੀ ਗੱਲ ਹੈ ਪਰ ਬ੍ਰਹਮ-ਰਹੱਸ ਦਾ ਖੋਜੀ ਅਨੁਭੂਤੀ ਦੀ ਅੰਤਰੀਵਤਾ ਨਾਲ ਉਸ ਦੀ ਸੋਝੀ ਤਾਂ ਪਾ ਲੈਂਦਾ ਹੈ ਪਰ ਉਸਨੂੰ ਭਾਸ਼ਾ ਦੇ ਭੌਤਿਕ ਸ਼ਬਦ-ਰੂਪ ਨਾਲ ਅਭਿਵਿਅਕਤ ਨਹੀਂ ਕਰ ਸਕਦਾ। ਗੁਰੂ ਅਮਰਦਾਸ ਜੀ ਇਸਨੂੰ 'ਗੂੰਗੇ ਕੀ ਮਿਠਿਆਈ' ਕਹਿੰਦੇ ਹਨ। ਗੁਰੂ ਨਾਨਕ ਦੇਵ ਜੀ ਇਸ ਪਰਮ ਅਨੁਭਵ ਨੂੰ ਇਉਂ ਵਿਅਕਤ ਕਰਦੇ ਹਨ:

ਜਿਨ ਚਾਖਿਆ ਸੇਈ ਸਾਦ ਜਾਣਨਿ ਜਿਉ ਗੂੰਗੇ ਮਿਠਿਆਈ॥ (ਪੰਨਾ ੬੩੫)

ਗੁਰੂ ਸਾਹਿਬ ਨੇ 'ਗੁਰ ਕਾ ਸਬਦੁ ਮਹਾ ਰਸੁ' ਵਾਲਾ ਦੱਸਿਆ ਹੈ ਪਰ ਇਸ ਨੂੰ ਚੱਖੇ ਬਿਨਾ ਸੁਆਦ ਦਾ ਪਤਾ ਨਹੀ ਲੱਗ ਸਕਦਾ:

ਗੁਰ ਕਾ ਸਬਦੁ ਮਹਾ ਰਸੁ ਮੀਠਾ ਬਿਨੁ ਚਾਖੇ ਸਾਦੁ ਨ ਜਾਪੈ॥

ਸਬਦੁ ਚੀਨ੍ਹਿ ਆਤਮੁ ਪਰਗਾਸਿਆ ਸਹਜੇ ਰਹਿਆ ਸਮਾਈ॥ (ਪੰਨਾ ੭੫੩)

ਆਤਮ ਪਰਗਾਸ ਦੇ ਨਾਲ ਹੀ ਸ਼ਬਦ ਦੇ ਰਸ ਨੂੰ ਮਾਣਿਆ ਜਾ ਸਕਦਾ ਹੈ। ਵਿਗਿਆਨ ਇਹ ਸਿੱਧ ਕਰਨ ਤੋਂ ਅਸਮਰਥ ਹੈ ਕਿ ਅੰਤਮ ਸੱਚ ਦਾ ਰਹੱਸ ਕੀ ਹੈ ਪਰ ਗੁਰਬਾਣੀ ਜਾਂ ਸ਼ਬਦ ਗੁਰੂ ਇਸ ਰਹੱਸ ਦਾ ਮਰਮ ਜਾਣ ਕੇ ਵੀ ਇਸ ਨੂੰ ਅਵਿਅਕਤ ਮੰਨਦਿਆਂ ਹੋਇਆ ਇਹ ਸਿੱਧ ਕਰਦਾ ਹੈ ਕਿ ਇਹ ਵਿਸਮਾਦੀ ਅਵਸਥਾ ਕਥਨ ਤੋਂ ਪਰੇ ਦੀ ਹੈ:

ਅਕਥੈ ਕਾ ਕਿਆ ਕਥੀਐ ਭਾਈ ਚਾਲਹੁ ਸਦਾ ਰਜਾਈ॥ (ਪੰਨਾ ੬੩੫)

ਬ੍ਰਹਮ-ਗਿਆਨ ਦੀ ਪਰਮ ਅਵਸਥਾ ਤਕ ਗੁਰੂ ਦੇ ਸ਼ਬਦ ਨੂੰ ਸੁਣ-ਸਮਝ ਕੇ ਹੀ ਪਹੁੰਚਿਆ ਜਾ ਸਕਦਾ ਹੈ। ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਇਸ ਵਿਸਮਾਦੀ ਅਵਸਥਾ ਤਕ ਕੋਈ ਵਿਰਲਾ ਹੀ ਪਹੁੰਚ ਪਾਉਂਦਾ ਹੈ ਅਤੇ ਬ੍ਰਹਿਮੰਡ ਦੇ ਗੁਪਤ ਰਹੱਸ ਨੂੰ ਪਰਗਟ ਕਰਸਕਦਾ ਹੈ:

ਵਿਰਲੇ ਕਉ ਗੁਰਿ ਸਬਦੁ ਸੁਣਾਇਆ॥ ਕਰਿ ਕਰਿ ਦੇਖੈ ਹੁਕਮੁ ਸਬਾਇਆ॥

ਖੰਡ ਬ੍ਰਹਮੰਡ ਪਾਤਾਲ ਅਰੰਭੇ॥ ਗੁਪਤਹੁ ਪਰਗਟੀ ਆਇਦਾ॥ (ਪੰਨਾ ੧੦੩੬)

ਸ਼ਬਦ ਗੁਰੂ ਦੇ ਅਨੁਸਾਰ ਬ੍ਰਹਿਮੰਡ ਰਚਨਾ ਦਾ ਕਾਰਣ ਈਸ਼ਵਰੀ ਹੁਕਮ ਹੈ । ਬ੍ਰਹਿਮੰਡ ਪ੍ਰਤੀ ਹੁਕਮ ਦੇ ਸੰਕਲਪ ਬਾਰੇ ਗੁਰਬਾਣੀ ਵਿਚ ਸਪਸ਼ਟ ਨਿਰਦੇਸ਼ ਹੈ ਕਿ ਸਮੁੱਚਾ ਬ੍ਰਹਿਮੰਡੀ-ਸੰਗਠਨ-ਪ੍ਰਬੰਧ ਕਿਸੇ ਦੈਵੀ ਹੋਂਦ ਦੀ ਇੱਛਾ ਦਾ ਫਲ ਹੈ। ਹੁਕਮ ਈਸ਼ਵਰ ਵੱਲੋਂ ਆਰੋਪਿਤ ਬ੍ਰਹਿਮੰਡੀ ਸੰਜਮ ਅਤੇ ਉਸਦੀ ਕਾਰਜਸ਼ੀਲਤਾ ਦਾ ਹੀ ਉਪਕਰਮ ਹੈ:

ਏਕੋ ਹੁਕਮ ਵਰਤੈ ਸਭ ਲੋਈ॥ ਏਕਮ ਤੇ ਸਭaਪਤਿ ਹੋਈ॥ (ਪੰਨਾ ੨੩੪)

ਹੁਕਮੀ ਹੋਵਨਿ ਆਕਾਰ॥ (ਪੰਨਾ ੦੧)

ਤਿਥੈ ਖੰਡ ਮੰਡਲ ਵਰਭੰਡ॥ ਜੇ ਕੋ ਕਥੈ ਤਾ ਅੰਤ ਨ ਅੰਤ॥

ਤਿਥੈ ਲੋਅ ਲੋਅ ਆਕਾਰ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥ (ਪੰਨਾ ੦੮)

ਤੂ ਹੁਕਮੀ ਸਾਜਾਹਿ ਸ੍ਰਿਸਟਿ ਸਾਜਿ ਸਮਾਵਹੀ॥

ਤੂ ਸਭ ਮਹਿ ਵਰਤਹਿ ਆਪਿ ਕੁਦਰਤ ਦੇਖਾਵਹੀ॥ (ਪੰਨਾ ੧੦੯੫)

ਗੁਰਮਤ ਅਨੁਸਾਰ ਸ਼ਬਦ ਇਕ ਇਲਾਹੀ ਹੁਕਮ ਦੇ ਤੌਰ ਤੇ ਵੀ ਪੇਸ਼ ਹੁੰਦਾ ਹੈ। ਸ਼ਬਦ ਇਕ ਵਿਆਪਕ ਸ਼ਕਤੀ ਹੈ ਇਸਦੀ ਕੋਈ ਰੂਪਰੇਖਾ ਨਹੀਂ ਹੈ, ਜੋ ਆਦਿ-ਜੁਗਾਦਿ, ਅਨਾਦਿ, ਅਨਾਹਦ, ਅਨੰਤ ਅਤੇ ਦੇਸ਼ ਕਾਲ ਦੀਆਂ ਸੀਮਾਵਾਂ ਤੋਂ ਪਾਰ ਦੀ ਕੋਈ ਅਗੰਮੀ ਸ਼ਕਤੀ ਹੈ ਜਿਸਦੇ ਹੁਕਮ ਨਾਲ ਹੀ ਪੂਰੇ ਬ੍ਰਹਿਮੰਡ ਦਾ ਸੰਚਾਲਨ ਹੋ ਰਿਹਾ ਹੈ। ਸ਼ਬਦ ਦੁਆਰਾ ਹੀ ਬ੍ਰਹਿਮੰਡ ਦੀ ਉਤਪਤੀ ਅਤੇ ਵਿਨਾਸ਼ ਹੋਕੇ ਫਿਰ ਉਸਦੀ ਪੁਨਰ-ਸਿਰਜਣਾ ਹੁੰਦੀ ਹੈ :

ਉਤਪਤਿ ਪਰਲਉ ਸ਼ਬਦੇ ਹੋਵੈ॥ ਸ਼ਬਦੇ ਹੀ ਫਿਰਿ ਓਪਤਿ ਹੋਵੈ॥ (ਪੰਨਾ ੧੧੭)

'ਦੱਖਣੀ ਓਅੰਕਾਰ' ਵਿਚ ਗੁਰੂ ਨਾਨਕ ਦੇਵ ਜੀ ਓਅੰਕਾਰ ਦੀ ਧੁਨੀ ਨੂੰ ਸ਼ਬਦ ਰੂਪ ਵਿਚ ਬਿਆਨ ਕਰਦੇ ਹੋਏ ਫਰਮਾਉਂਦੇ ਹਨ:

ਓਅੰਕਾਰ ਸਬਦਿ ਉਧਰੇ॥ (ਪੰਨਾ ੯੩੦)

ਸ਼ਬਦ ਨਾਲ ਹੀ ਓਅੰਕਾਰ ਦੇ ਰੂਪ ਵਿਚ ਪੂਰੇ ਬ੍ਰਹਿਮੰਡ ਦਾ ਉਧਾਰ ਹੁੰਦਾ ਹੈ। ਸ਼ਬਦ ਸਮੁੱਚੇ ਬ੍ਰਹਿਮੰਡੀ ਗਿਆਨ ਦਾ ਸਾਰ ਹੈ ਕਿਉਂਕਿ ਸ਼ਬਦ ਦੇ ਗਿਆਂਨ ਨਾਲ ਹੀ ਪਰਮ-ਸੱਚ ਦੇ ਰਹੱਸ ਨੂੰ ਜਾਨਣ ਵਾਲੀਆਂ ਅੰਤਰਦ੍ਰਿਸ਼ਟੀਆਂ ਦਾ ਬੋਧ ਹੁੰਦਾ ਹੈ ਅਤੇ ਮੋਹ ਮਾਇਆ ਦੇ ਗੁਬਾਰ ਤੋਂ ਉਪਰ ਉਠ ਕੇ ਮੋਕਸ਼ ਦਾ ਦੁਆਰ ਪ੍ਰਾਪਤ ਹੁੰਦਾ ਹੈ:

ਇਸ ਜਗ ਮਹਿ ਸਬਦੁ ਕਰਣੀ ਹੈ ਸਾਰੁ॥ ਬਿਨ ਸਬਦੈ ਹੋਰ ਮੋਹੁ ਗੁਬਾਰੁ॥
ਸਬਦੇ ਨਾਮੁ ਰਖੈ ਉਰਿ ਧਾਰਿ॥ ਸਬਦੇ ਗਤਿ ਮਤਿ ਮੋਖ ਦੁਆਰੁ॥ (ਪੰਨਾ ੧੩੪੨)

ਗੁਰਬਾਣੀ ਵਿਚਲਾ ਸ਼ਬਦ, ਗੁਰੂ ਰੂਪ ਹੈ ਜੋ ਨਾਮ ਰੂਪੀ ਅਮੂਰਤ ਸੰਕਲਪ ਨਾਲ ਜੁੜ ਕੇ ਬ੍ਰਹਮ ਵਿਚ ਵਿਲੀਨ ਹੋਣ ਦੀ ਪ੍ਰੇਰਣਾ ਦਿੰਦਾ ਹੈ:

ਸਬਦੇ ਹੀ ਨਾਉ ਉਪਜੈ ਸਬਦੇ ਮੇਲਿ ਮਿਲਾਇਆ॥ (ਪੰਨਾ ੬੪੪)
ਨਾਨਕ ਸਬਦੁ ਪਛਾਣੀਐ ਨਾਮੁ ਵਸੈ ਮਨਿ ਆਇ॥ (ਪੰਨਾ ੬੪੬)

ਗੁਰਬਾਣੀ ਅਨੁਸਾਰ aੁਸ ਕਰਤਾਰੀ ਸ਼ਕਤੀ ਦੇ ਰਹੱਸ ਨੂੰ ਨਾਮ ਦੁਆਰਾ ਪਾਇਆ ਜਾ ਸਕਦਾ ਹੈ ਜਿਸ ਨਾਲ ਬ੍ਰਹਮ ਅਤੇ ਮਨੁੱਖ ਵਿਚ ਏਕਤਾਮਕਤਾ ਉਪਜਦੀ ਹੈ। ਗੁਰਬਾਣੀ ਦਾ ਸ਼ਬਦ ਬ੍ਰਹਮ ਅਤੇ ਬ੍ਰਹਿਮੰਡ ਦੀ ਸਾਂਝ ਥਾਣੀ ਬ੍ਰਹਮ, ਜੀਵ ਅਤੇ ਜਗਤ ਦੇ ਆਪਸੀ ਸਬੰਧਾਂ ਨੂੰ ਪੇਸ਼ ਕਰਦਾ ਹੈ। ਗੁਰਬਾਣੀ ਵਿਚ ਸ਼ਬਦ ਇਕ ਅਜਿਹਾ ਪ੍ਰਵਚਨ ਹੈ ਜੋ ਮਨੁੱਖ ਵਿਚ ਨੈਤਿਕਤਾ ਦੇ ਗੁਣ ਵੀ ਦਿੜ੍ਹ ਕਰਾਉਂਦਾ ਹੈ। ਨੈਤਿਕਤਾ ਦੇ ਗੁਣ ਧਾਰਣ ਕਰਕੇ ਹੀ ਮਨੁੱਖ ਬ੍ਰਹਿਮੰਡੀ ਸਹਿਜ ਦਾ ਭਾਗੀਦਾਰ ਬਣ ਸਕਦਾ ਹੈ। ਗੁਰਬਾਣੀ ਦੇ ਕੇਂਦਰ ਵਿਚ ਭਾਵੇਂ ਬ੍ਰਹਮ ਹੈ ਪਰ ਪਰਮ ਸੱਚ ਨੂੰ ਹਰ ਮਾਨਵ ਮਾਤਰ ਵਿਚ ਵੇਖਣਾ ਗੁਰਮਤ ਵਿਚਾਰਧਾਰਾ ਦੀ ਖ਼ਾਸੀਅਤ ਹੈ।

ਗੁਰਬਾਣੀ ਇਕ ਦੈਵੀ ਸਿਰਜਣਾ ਹੈ ਇਸਲਈ ਇਸਦੇ ਸ਼ਬਦ ਦੀ ਪ੍ਰਕਿਤੀ ਪਾਰਗਾਮੀ ਹੈ ਪਰ ਗੁਰਬਾਣੀ-ਸ਼ਬਦ ਵਿਚ ਉਹ ਸਾਰੇ ਕਾਵਿਕ-ਗੁਣ ਵੀ ਮੌਜੂਦ ਹਨ ਜੋ ਉਸਨੂੰ ਉਤੱਮ ਕਾਵਿ ਦੀ ਵਿਸ਼ੇਸ਼ਤਾ ਪ੍ਰਦਾਨ ਕਰਦੇ ਹਨ। ਅਸਲ ਵਿਚ ਕਾਵਿਕਤਾ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਇਕ ਰਚਨਾ –ਜੁਗਤ ਹੈ ਅਤੇ ਬ੍ਰਹਿਮੰਡੀ ਚੇਤਨਾ ਤੋਂ ਉਪਜਿਆ ਵਿਸਮਾਦੀ ਗੁਣ ਗੁਰਬਾਣੀ ਦਾ ਮੂਲ ਭਾਵ ਹੈ ਜਿਸ ਨੂੰ ਵੱਖ-ਵੱਖ ਰਚਨਾਤਮਕ ਅਤੇ ਸਿਰਜਣਾਤਮਕ ਜੁਗਤਾਂ ਦੁਆਰਾ ਨਿਰੂਪਿਤ ਕੀਤਾ ਗਿਆ ਹੈ। 'ਜਪੁ' ਜੀ ਦੀ ੩੮ ਵੀਂ ਪਉੜੀ ਵਿਚ ਸ਼ਬਦ ਲਈ ਇਕ ਅਜਿਹੀ ਟਕਸਾਲ ਦਾ ਰੂਪਕ ਵਰਤਿਆ ਗਿਆ ਹੈ ਜਿਸ ਨਾਲ ਮਨੁੱਖ ਦੀ ਆਤਮਕ ਅਤੇ ਨੈਤਿਕ ਉਚੱਤਾ ਦੀ ਘਾੜਤ ਘੜਨ ਦਾ ਨਿਰਦੇਸ਼ ਦਿਤਾ ਗਿਆ ਹੈ।

ਜਤੁ ਪਾਹਾਰਾ ਧੀਰਜੁ ਸਨਿਹਾਰਾ॥ ਅਹਰਣਿ ਮਤਿ ਵੇਦ ਹਥੀਆਰੁ॥ ਭਉ ਖਲਾ ਅਗਨਿ ਤਪ ਤਾਉ॥
ਭਾਂਡਾ ਭਾਉ ਅੰਮ੍ਰਿਤ ਤਿਤੁ ਢਾਲਿ॥ ਘੜੀਐ ਸਬਦੁ ਸਚੀ ਟਕਸਾਲ॥ ਜਿਨ ਕਉ ਨਦਰਿ ਕਰਮੁ ਤਿਨ ਕਾਰ॥
ਨਾਨਕ ਨਦਰੀ ਨਦਰਿ ਨਿਹਾਲ॥ (ਪੰਨਾ ੦੮)

ਇਸ ਰੂਪਕ-ਵਿਧਾਨ ਦੇ ਸਿਰਜਣ ਨਾਲ ਗੁਰੂ ਨਾਨਕ ਦੇਵ ਜੀ ਸ਼ਬਦ ਦੁਅਰਾ ਇਕ ਅਜਿਹੇ ਮਨੁੱਖ ਦੀ ਸਿਰਜਣਾ ਕਰਨ ਲਈ ਨਿਰਦੇਸ਼ ਦਿੰਦੇ ਹਨ ਜੋ ਮਨੁੱਖੀ ਗੁਣਾਂ ਦੇ ਉਚੱਤਮ ਰੂਪ ਨੂੰ ਗ੍ਰਹਿਣ ਕਰਕੇ, ਦੈਵੀ ਗੁਣਾਂ ਨਾਲ ਭਰਪੂਰ ਹੋ ਕੇ, ਪੂਰੇ ਬ੍ਰਹਿਮੰਡ ਵਿਚ ਸਹਿਜ ਅਤੇ ਸੰਤੁਲਿਤ ਰੂਪ ਵਿਚ ਪ੍ਰਸਤੁਤ ਹੋਵੇ ਅਤੇ ਵਿਸ਼ੁੱਧ ਮਾਨਵੀ ਕਦਰਾਂ ਕੀਮਤਾਂ ਨਾਲ ਜੁੜੇ। ਇਥੇ ਸ਼ਬਦ ਇਕ ਸੱਚੀ ਟਕਸਾਲ ਦੇ ਰੂਪ ਵਿਚ ਪੇਸ਼ ਹੋਇਆ ਹੈ ਜਿਸ ਦੁਆਰਾ ਮੁਨੱਖ ਧੀਰਜ ਰੂਪੀ ਸਨਿਆਰੇ ਦੀ ਜਤ ਰੂਪੀ ਭੱਠੀ ਵਿਚ, ਵੇਦਾਂ ਦੇ ਗਿਆਨ ਦੇ ਸੰਦਾਂ ਨਾਲ, ਰੱਬੀ ਭੈ ਦੇ ਪੱਖੇ ਨਾਲ ਤਪ ਕੇ ਪ੍ਰੇਮ ਨਾਲ ਭਰੇ ਭਾਂਡੇ ਵਿਚ ਨਾਮ ਰੂਪੀ ਅੰਮ੍ਰਿਤ ਨੂੰ ਢਾਲ ਕੇ ਕੁੰਦਨ ਵਰਗਾ ਇਕ ਵਿਸ਼ੁੱਧ ਮਾਨਵ ਬਣ ਜਾਂਦਾ ਹੈ ਜਿਸ ਉਤੇ ਪਰਮਾਤਮਾ ਦੀ ਨਜ਼ਰ ਅਤੇ ਕਰਮ ਦੀ ਬਖ਼ਸ਼ਿਸ਼ ਹੁੰਦੀ ਹੈ ਅਤੇ ਉਹ ਨਿਹਾਲ ਹੋਕੇ ਪਰਮ ਰੂਪ ਨਾਲ ਇਕਮਿਕ ਹੋ ਜਾਂਦਾ ਹੈ। ਹਾਲਾਂਕਿ ਗੁਰੂ ਨਾਨਕ ਦੇਵ ਜੀ ਕਿਸੇ ਸਿਧਾਂਤ ਦੀ ਪੇਸ਼ਕਾਰੀ ਨਹੀ ਕਰਦੇ ਸਗੋਂ ਮਾਨਵ ਤੋਂ ਦੇਵਤੇ ਵਰਗੇ ਬ੍ਰਹਿਮੰਡੀ ਚਰਿੱਤ੍ਰ ਵਾਲੇ ਗੁਰਮੁਖ ਦੀ ਸਾਜਨਾ ਵਲ ਸੰਕੇਤ ਕਰਦੇ ਹਨ ਜੋ ਆਪਣੇ ਜਤ, ਸਤ ਅਤੇ ਧੀਰਜ ਨਾਲ ਕੁਦਰਤੀ ਸਹਿਜ ਵਾਲਾ ਜੀਵਨ ਜੀਉਂਦਾ ਹੈ।

ਸ਼ਬਦ ਨੂੰ ਬ੍ਰਹਿਮੰਡੀ ਸੱਚ ਦੇ ਵਾਹਨ ਦੇ ਤੌਰ ਤੇ ਪਰਵਾਨਿਆ ਗਿਆ ਹੈ। ਸ਼ਬਦ ਆਪਣੇ ਸਤ ਸਰੂਪ ਵਿਚ ਪਾਰਬ੍ਰਹਮ ਦੇ ਸੱਚ ਦਾ ਸਾਖਿਆਤਕਾਰ ਕਰਾਉਂਦਾ ਹੋਇਆ ਬ੍ਰਹਿਮੰਡ ਦੇ ਦ੍ਰਿਸ਼ਟ ਅਤੇ ਅਦ੍ਰਿਸ਼ਟ ਨਿਯਮਾਂ ਦਾ ਨਿਰੂਪਣ ਕਰਦਾ ਹੈ। ਗੁਰਬਾਣੀ

ਵਿਚ ਸ਼ਬਦ ਦੈਵੀ-ਹੋਂਦ ਦੇ ਰੂਪ ਵਿਚ ਪੂਰੇ ਬ੍ਰਹਿਮੰਡ ਵਿਚ ਸਰਬ-ਵਿਆਪੀ ਹੋਂਦ ਦੇ ਤੌਰ ਤੇ ਵਿਦੱਮਾਨ ਹੈ। ਸ਼ਬਦ ਦਾ ਅਸਤਿੱਤਵ ਸਬਦੁ ਦੀਪਕ ਵਰਤੈ ਤਿਹੁ ਲੋਇ ਦੇ ਕਥਨ ਅਨੁਸਾਰ ਜੋਤ ਰੂਪ ਵਿਚ ਵਿੱਦਮਾਨ ਹੈ।

ਗੁਰਮਤ ਵਿਚ ਗੁਰੂ ਨਾਨਕ ਜੀ ਤੋਂ ਗੁਰੂ ਗ੍ਰੰਥ ਸਾਹਿਬ ਤਕ ਨਿਰੰਤਰ ਇਕੋ ਜੋਤ ਦੀ ਜੁਗਤ ਇਸੇ ਵਿਚਾਰਧਾਰਕ ਸੰਕਲਪ ਉਤੇ ਆਧਾਰਿਤ ਹੈ। ਇਸੇ ਤਰ੍ਹਾਂ ਸ਼ਬਦ ਨੂੰ ਗੁਰਬਾਣੀ ਵਿਚ ਅਨਾਹਦ ਨਾਦ ਦੇ ਤੌਰ ਤੇ ਵੀ ਪਛਾਣਿਆ ਗਿਆ ਹੈ। ਇਹ ਉਹ ਸਦੀਵੀਂ ਨਾਦ ਹੈ ਜੋ ਆਹਤ ਵਿਚੋਂ ਨਹੀਂ ਸਗੋਂ ਪੂਰੇ ਬ੍ਰਹਿਮੰਡ ਵਿਚ ਇਕ ਸਹਿਜ ਧੁਨੀ ਵਜੋਂ ਸਮਾਇਆ ਹੋਇਆ ਹੈ ਜਿਸ ਨੂੰ ਅੰਤਰਮਨ ਦੇ ਆਤਮਕ ਅਨੁਭਵ ਨਾਲ ਸੁਣਿਆ ਜਾ ਸਕਦਾ ਹੈ। ਸ਼ਬਦ ਦੀ ਰੌਸ਼ਨੀ ਵਿਚ ਜਦੋਂ ਕੋਈ ਗੁਰਮੁਖ ਆਤਮ-ਪਛਾਣ ਕਰਦਾ ਹੈ ਤਾਂ ਬ੍ਰਹਿਮੰਡੀ ਚੇਤਨਾ ਨਾਲ ਲਬਰੇਜ਼ ਵਿਗਾਸ ਦੀ ਅਵਸਥਾ ਪ੍ਰਾਪਤ ਕਰ ਲੈਂਦਾ ਹੈ:

ਸਬਦ ਚੀਨਹਿ ਤਾ ਮਹਲੁ ਲਹਹਿ ਜੋਤੀ ਜੋਤਿ ਸਮਾਇ॥ (ਪੰਨਾ ੬੪੯)

ਇਸ ਗਿਆਨ ਦੀ ਪ੍ਰਾਪਤੀ ਕੇਵਲ ਗੁਰੂ ਦਰਸ਼ਨ ਨਾਲ ਨਹੀਂ ਹੁੰਦੀ ਸਗੋਂ ਗੁਰੂ ਦੇ ਸ਼ਬਦ ਦਾ ਵਿਚਾਰ ਵੀ ਕਰਨ ਨਾਲ ਹੁੰਦੀ ਹੈ:

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥

ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥ (ਪੰਨਾ ੫੯੪)

ਸ਼ਬਦ ਦੀ ਹੋਂਦ ਬਾਰੇ ਸਿੱਧ ਗੁਰੂ ਨਾਨਕ ਦੇਵ ਨੂੰ ਪ੍ਰਸ਼ਨ ਕਰਦੇ ਹੋਏ ਪੁਛਦੇ ਹਨ ਕਿ ਸ਼ਬਦ ਦਾ ਨਿਵਾਸ-ਸਥਾਨ ਕਿਹੜਾ ਹੈ ਜਿਸਦੀ ਮਦਦ ਨਾਲ ਭਵਜਲ ਸੰਸਾਰ ਤੋਂ ਪਾਰ ਉਤਰਿਆ ਜਾ ਸਕਦਾ ਹੈ?

ਸੁ ਸਬਦ ਕਾ ਕਹਾ ਵਾਸੁ ਕਥੀਅਲੇ॥ ਜਿਤੁ ਤਰੀਐ ਭਵਜਲੁ ਸੰਸਾਰੋ॥ (ਪੰਨਾ ੯੪੪)

ਤਾਂ ਗੁਰੂ ਸਾਹਿਬ ਆਪਣੀ ਬ੍ਰਹਿਮੰਡੀ ਦ੍ਰਿਸ਼ਟੀ ਨਾਲ ਸਪਸ਼ਟ ਕਰਦੇ ਹਨ ਕਿ:

ਸੁ ਸਬਦ ਕਉ ਨਿਰੰਤਰ ਵਾਸ ਅਲਖੰ ਜਹ ਦੇਖਾ ਤਹ ਸੋਈ॥ (ਪੰਨਾ ੯੪੪)

ਸ਼ਬਦ ਤਾਂ ਇਕ ਨਿਰੰਤਰ, ਸਤਤ ਦਿੱਵ ਹੋਂਦ ਹੈ ਜੋ ਭੋਤਿਕ ਦ੍ਰਿਸ਼ਟੀ ਤੋਂ ਨਹੀਂ ਦੇਖੀ ਜਾ ਸਕਦੀ ਸਗੋਂ ਬ੍ਰਹਮ-ਰੂਪ ਹੈ ਜੋ ਪੂਰੇ ਬ੍ਰਹਿਮੰਡ ਵਿਚ ਹਰ ਥਾਂ ਮੌਜੂਦ ਹੈ ਪਰ ਅੰਤਰ-ਦ੍ਰਿਸ਼ਟੀ ਦੇ ਪਰਮ-ਅਨੁਭਵ ਨਾਲ ਮਹਿਸੂਸ ਕੀਤੀ ਜਾ ਸਕਦੀ ਹੈ। ਗੁਰੂ ਸਾਹਿਬ ਫਰਮਾਉਂਦੇ ਹਨ:

ਤਿਹੁ ਲੋਕਾ ਮਹਿ ਸਬਦੁ ਰਵਿਆ ਹੈ॥ ਆਪੁ ਗਇਆ ਮਨੁ ਮਾਨਿਆ॥ (ਪੰਨਾ ੩੫੧)

ਕਿ ਸ਼ਬਦ ਤਾਂ ਤ੍ਰਿਲੋਕੀ ਅਸਤਿਤੱਵ ਵਾਲਾ ਹੈ ਜੋ ਪੂਰੇ ਬ੍ਰਹਿਮੰਡ ਦੇ ਵਿਚ ਸਮਾਇਆ ਹੋਇਆ ਹੈ। ਤਿੰਨ ਲੋਕ ਭਾਰਤੀ ਧਰਮ ਸ਼ਾਸਤਰਾਂ ਵਿਚ ਤ੍ਰਿਲੋਕ ਜਾਂ ਤ੍ਰਿਭੁਵਨ ਦੇ ਨਾਂ ਨਾਲ ਪ੍ਰਚਲਿਤ ਹਨ ਜੋ ਤਿੰਨ ਪ੍ਰਕਾਰ ਦੇ ਹਨ। ਪਹਿਲਾਂ ਭੂਲੋਕ ਜਿਸ ਵਿਚ ਜਿੰਨੀ ਦੂਰ ਤਕ ਸੂਰਜ ਚੰਦਰਮਾ ਆਦਿ ਦਾ ਪ੍ਰਕਾਸ਼ ਜਾਂਦਾ ਹੈ ਅਤੇ ਜਿਸ ਵਿਚ ਸਾਡੀ ਪ੍ਰਿਥਵੀ ਸਹਿਤ ਹੋਰ ਵੀ ਕਈ ਪ੍ਰਿਥਵੀਆਂ ਹਨ। ਦੂਜਾ ਭੁਵਰਲੋਕ ਜਿਸ ਵਿਚ ਸਾਰੇ ਗ੍ਰਹਿ ਨਛੱਤ੍ਰਾਂ ਦਾ ਮੰਡਲ ਹੈ। ਇਹ ਪ੍ਰਿਥਵੀ ਅਤੇ ਸੂਰਜ ਦੇ ਵਿਚਕਾਰਲੇ ਆਕਾਸ਼ ਨੂੰ ਕਹਿੰਦੇ ਹਨ। ਤੀਜਾ ਲੋਕ ਸਵਰਲੋਕ ਹੈ ਜਿਸਨੂੰ ਸਵਰਗ ਕਿਹਾ ਜਾਂਦਾ ਹੈ। ਮੰਨਿਆ ਜਾਂਦਾ ਹੈ ਕਿ ਸੂਰਜ ਅਤੇ ਧਰੁਵ ਤਾਰੇ ਦੇ ਵਿਚਕਾਰ ਜੋ ੧੪ ਲੱਖ ਯੋਜਨ ਦਾ ਅੰਤਰ ਹੈ ਉਸਨੂ ਸਵਰਲੋਕ ਕਹਿੰਦੇ ਹਨ। ਇਸੇ ਦੇ ਵਿਚਕਾਰ ਸਪਤਰਿਸ਼ੀ ਦਾ ਮੰਡਲ ਹੈ। ਪਰ ਗੁਰੂ ਸਾਹਿਬ ਇਹ ਸਪਸ਼ਟ ਕਰ ਦਿੰਦੇ ਹਨ ਕਿ ਆਪਣੀ ਹਉਮੈ ਨੂੰ ਮਿਟਾ ਕੇ ਹੀ ਸ਼ਬਦ ਨੂੰ ਮੰਨਿਆ ਜਾ ਸਕਦਾ ਹੈ। ਗੁਰੂ ਸਾਹਿਬ ਫਰਮਾਉਂਦੇ ਹਨ:

ਤੇਰਾ ਸਬਦੁ ਸਭ ਤੂੰਹੈ ਵਰਤਹਿ ਤੂੰ ਆਪੇ ਕਰਹਿ ਸੁ ਹੋਈ॥ (ਪੰਨਾ ੪੪੮)

ਸੋ ਸ਼ਬਦ ਬ੍ਰਹਮ ਸਰੂਪ ਹੈ ਜੋ ਸਮੁੱਚੇ ਜਗਤ ਵਿਚ ਵਰਤ ਰਿਹਾ ਹੈ , ਉਹ ਆਪ ਹੀ ਕਰਤਾ ਹੈ ਅਤੇ ਬ੍ਰਹਿਮੰਡ ਦਾ ਪੂਰਾ ਵਰਤਾਰਾ ਉਸੇ ਦੇ ਕਰਨ ਨਾਲ ਹੀ ਹੋ ਰਿਹਾ ਹੈ।

ਸਬਦਿ ਅਨਾਹਦਿ ਸੋ ਸਹੁ ਰਾਤਾ ਨਾਨਕ ਕਹੈ ਵਿਚਾਰਾ (ਪੰਨਾ ੩੫੧)

ਗੁਰਬਾਣੀ ਸ਼ਬਦ ਰਹੱਸ ਦਾ ਇਹੀ ਸਾਰ ਹੈ ਕਿ ਸ਼ਬਦ ਹੀ ਬ੍ਰਹਮ ਹੈ ਜੋ ਪੂਰੇ ਬ੍ਰਹਿਮੰਡ ਵਿਚ ਇਲਾਹੀ ਹੁਕਮ ਬਣ ਕੇ ਵਰਤ ਹਿਰਾ ਹੈ। ਉਹ ਆਪ ਹੀ ਕਰਤਾ ਹੈ ਅਤੇ ਆਪ ਹੀ ਕ੍ਰਿਤ ਹੈ ਅਤੇ ਆਪਣੀ ਕਿਰਪਾ ਨਾਲ ਹੀ ਮਨੁੱਖ ਅਤੇ ਬ੍ਰਹਮ ਵਿਚ ਇਕਾਤਮਕਤਾ ਸਥਾਪਿਤ ਕਰ ਰਿਹਾ ਹੈ।